# ਦਫ਼ਤਰ ਨਗਰ ਨਿਗਮ, ਹੁਸ਼ਿਆਰਪੁਰ।
# ਪ੍ਰੈਸ ਨੋਟ

## ਵਿਵੇਕ ਵਿਹਾਰ ਵਿਖੇ 5 ਲੱਖ ਰੁਪਏ ਦੀ ਲਾਗਤ ਨਾਲ ਇੰਨਟਰਲਾਕਿੰਗ ਟਾਇਲਾਂ ਲਗਾਉਣ ਦੇ ਕੰਮ ਦੀ ਮੇਅਰ ਸ਼ਿਵ ਸੂਦ ਨੇ ਕੀਤੀ ਸ਼ੁਰੂਆਤ

ਹੁਸ਼ਿਆਰਪੁਰ 29 ਦਸੰਬਰ ਮੁੱਖ ਮੰਤਰੀ ਪੰਜਾਬ ਸਰਦਾਰ ਪ੍ਰਕਾਸ਼ ਸਿੰਘ ਬਾਦਲ ਵਲੋਂ ਕੀਤੇ ਗਏ ਸੰਗਤ ਦਰਸ਼ਨ ਦੋਰਾਨ ਨਗਰ ਨਿਗਮ ਦੇ ਵੱਖ-ਵੱਖ ਵਾਰਡਾਂ ਲਈ ਪ੍ਰਵਾਨ ਕੀਤੇ ਕੋਰੜਾਂ ਰੁਪਏ ਦੇ ਫੰਡਾਂ ਨਾਲ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਮੇਅਰ ਸ਼ਿਵ ਸੂਦ ਨੇ ਵਾਰਡ ਨੰ: 11 ਦੇ ਵਿਵੇਕ ਵਿਹਾਰ ਵਿਖੇ 5 ਲੱਖ ਰੁਪਏ ਦੀ ਲਾਗਤ ਨਾਲ ਇੰਟਰਲਾਕਿੰਗ ਟਾਇਲਾਂ ਨਾਲ ਬਣਨ ਵਾਲੀ ਗਲੀ ਦੇ ਕੰਮ ਦੀ ਸ਼ੁਰੂਆਤ ਰੀਬਨ ਕੱਟ ਕੇ ਕਰਨ ਮੋਕੇ ਦਿੱਤੀ। ਉਹਨਾਂ ਦੱਸਿਆ ਕਿ ਵਾਰਡ ਨੰ: 11 ਦੀ ਕੌਂਸਲਰ ਰਣਜੀਤ ਚੌਧਰੀ ਦੀ ਮੰਗ ਅਨੁਸਾਰ ਉਹਨਾਂ ਦੇ ਵਾਰਡ ਵਿਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ।

ਵਾਰਡ ਨੰ: 11 ਦੀ ਕੌਂਸਲਰ ਰਣਜੀਤ ਚੌਧਰੀ ਅਤੇ ਵਿਵੇਕ ਵਿਹਾਰ ਦੇ ਵਾਸੀਆਂ ਨੇ ਮੇਅਰ ਸ਼ਿਵ ਸੂਦ ਵੱਲੋਂ ਇੰਨਟਰਲਾਕਿੰਗ ਟਾਇਲਾਂ ਨਾਲ ਗਲੀ ਬਣਾਉਣ ਦੇ ਕੰਮ ਦੀ ਸ਼ੁਰੂਆਤ ਕਰਨ ਲਈ ਉਹਨਾਂ ਦਾ ਧੰਨਵਾਦ ਕੀਤਾ। ਨਗਰ ਨਿਗਮ ਦੇ ਇੰਸਪੈਕਟਰ ਵਿਜੇ ਕੁਮਾਰ,ਨਰਿੰਦਰ ਚੌਧਰੀ, ਜ਼ਸਮੀਨ ਚੌਧਰੀ, ਵਿਕਰਾਂਤ ਚੌਧਰੀ,ਕੇਵਲਕ੍ਰਿਸ਼ਨ, ਸਰੋਜ਼ ਸਰਮਾ, ਦਵਿੰਦਰ ਦੁਆ,ਨੀਲਮ ਦੁਆ, ਜੀਵਨ ਜੋਸ਼ੀ, ਕੰਵਰ ਬਹਾਦਰ, ਕੇ.ਐਚ. ਸਰਮਾ, ਅਨਮੋਲਕ ਸਿੰਘ, ਆਰ.ਕੇ.ਸਰਮਾ, ਕਲਦੀਪ ਵਾਲੀਆ, ਸੁਰਿੰਦਰ, ਭੁਪਿੰਦਰ ਗਿੱਲ, ਪਰਮਜੀਤ ਸਿੰਘ ਅਤੇ ਵਿਵੇਕ ਵਿਹਾਰ ਦੇ ਨਿਵਾਸੀ ਵੱਡੀ ਗਿਣਤੀ ਵਿਚ ਹਾਜ਼ਰ ਸਨ।